

# Orientation to Ontario

1-855-626-0002
https://settlement.org/o2o

## ਲਾਭ ਅਤੇ ਸਮਾਜਕ ਸਹਾਇਤਾ

### ਲਾਭ

#### ਰੋਜ਼ਗਾਰ ਬੀਮਾ (EI)

ਜੇ ਤੁਹਾਡੇ ਕੰਟਰੋਲ ਤੋਂ ਬਾਹਰੀ ਕਾਰਣਾਂ, ਜਿਵੇਂ ਕੰਮ ਦੀ ਘਾਟ ਜਾਂ ਮੌਸਮੀ ਜਾਂ ਵੱਡੇ ਪੱਧਰ 'ਤੇ ਛਾਂਟੀ ਕਰਕੇ ਤੁਹਾਡੀ ਨੌਕਰੀ ਖੁੰਝ ਗਈ ਹੈ, ਤਾਂ ਤੁਸੀਂ ਰੋਜ਼ਗਾਰ ਬੀਮਾ (EI)ਲਾਭਾਂ ਲਈ ਹੱਕਦਾਰ ਹੋ ਸਕਦੇ ਹੋ। EI ਲਾਭਾਂ ਲਈ ਹੱਕਦਾਰ ਹੋਣ ਵਾਸਤੇ ਤੁਸੀਂ ਪਿਛਲੇ 52 ਹਫ਼ਤਿਆਂ ਵਿੱਚ ਕਨੇਡਾ ਵਿੱਚ ਢੁਕਵੇਂ ਬੀਮਾਯੋਗ ਘੰਟਿਆਂ ਜਿੰਨਾ ਕੰਮ ਜ਼ਰੂਰ ਕੀਤਾ ਹੋਣਾ ਚਾਹੀਦਾ ਹੈ।

EI ਬਾਰੇ ਹੋਰ ਪਤਾ ਲਾਉਣ ਲਈ www.servicecanada.gc.ca ਜ https://findlink.at/EI-app 'ਤੇ ਸਰਿਵਸ ਕਨੇਡਾ 'ਤੇ ਜਾਓ।

#### Canada Pension Plan (CPP) - ਕਨੇਡਾ ਪੈਨਸ਼ਨ ਪਲਾਨ

65 ਸਾਲ ਦੇ ਹੋਣ 'ਤੇ ਤੁਸੀਂ CPP ਰਿਟਾਇਰਮੈਂਟ ਪੈਨਸ਼ਨ ਲੈਣ ਲਈ ਯੋਗ ਹੋ ਸਕਦੇ ਹੋ। ਕਨੇਡਾ ਵਿਚ ਕੰਮ ਕਰਨ ਦੀ ਆਪਣੀ ਜ਼ਿੰਦਗੀ ਦੌਰਾਨ ਤੁਸੀਂ ਪਲਾਨ ਵਿੱਚ ਘੱਟੋ-ਘੱਟ ਇੱਕ ਯੋਗਦਾਨ ਜ਼ਰੂਰ ਪਾਇਆ ਹੋਣਾ ਚਾਹੀਦਾ ਹੈ। ਤੁਸੀਂ 60 ਅਤੇ 64 ਸਾਲ ਦੀ ਉਮਰ ਵਿਚਕਾਰ ਆਪਣੀ CPP ਲੈ ਸਕਦੇ ਹੋ, ਪਰ ਤੁਹਾਡੇ ਭੁਗਤਾਨ ਘਟ ਜਾਣਗੇ। ਜੇ ਤੁਸੀਂ ਆਪਣੇ CPP ਲਾਭ ਦੇਰ ਨਾਲ ਲੈਂਦੇ ਹੋ, ਤਾਂ ਤੁਹਾਡੇ ਭੁਗਤਾਨ ਵਧ ਸਕਦੇ ਹਨ।

CPP ਬਾਰੇ ਹੋਰ ਪਤਾ ਲਾਉਣ ਲਈ www.servicecanada.gc.ca ਜਾਂ https://findlink.at/cpp 'ਤੇ ਸਰਿਵਸ ਕਨੇਡਾ 'ਤੇ ਜਾਓ।

#### Old Age Security Pension (OAS) ਬੁਢੇਪਾ ਸੁਰੱਖਿਆ ਪੈਨਸ਼ਨ

65 ਸਾਲ ਜਾਂ ਵੱਡੀ ਉਮਰ ਦੇ ਕਨੇਡਾ-ਵਾਸੀਆਂ ਨੂੰ ਇਹ ਮਹੀਨੇਵਾਰ ਲਾਭ ਦਿੱਤਾ ਜਾਂਦਾ ਹੈ। ਯੋਗ ਹੋਣ ਲਈ 18 ਸਾਲ ਦਾ ਹੋਣ ਤੋਂ ਬਾਅਦ ਤੁਹਾਨੂੰ ਘੱਟੋ-ਘੱਟ 10 ਸਾਲ ਕਨੇਡਾ ਵਿੱਚ ਜ਼ਰੂਰ ਰਿਹਣਾ ਚਾਹੀਦਾ ਹੈ।

OAS ਬਾਰੇ ਹੋਰ ਪਤਾ ਲਾਉਣ ਲਈ www.servicecanada.gc.ca ਜਾਂ https://findlink.at/oldagesecu 'ਤੇ ਸਰਵਿਸ ਕਨੇਡਾ 'ਤੇ ਜਾਓ।

#### Canada Child Benefit (CCB) - ਕਨੇਡਾ ਬਾਲ ਲਾਭ

ਕਨੇਡਾ ਬਾਲ ਲਾਭ (CCB) ਬੱਚਿਆਂ ਦੀ ਪਰਵਰਿਸ਼ ਦੀ ਲਾਗਤ ਵਿੱਚ ਮਾਤਾ-ਪਿਤਾ ਅਤੇ ਹੋਰ ਸਰਪ੍ਰਸਤਾਂ ਦੀ ਮਦਦ ਕਰਨ ਲਈ ਫ਼ੈਡਰਲ ਸਰਕਾਰ ਤੋਂ ਮਿਲਣ ਵਾਲਾ ਮਹੀਨੇਵਾਰ ਭੁਗਤਾਨ ਹੈ। ਤੁਹਾਨੂੰ ਲਾਭਾਂ ਲਈ ਜ਼ਰੂਰ ਅਪਲਾਈ ਕਰਨਾ ਚਾਹੀਦਾ ਹੈ। ਆਮਦਨ ਦੇ ਪੱਧਰ ਦੇ ਹਿਸਾਬ ਨਾਲ ਲਾਭ ਦੀ ਰਕਮ ਤੈਅ ਕੀਤੀ ਜਾਂਦੀ ਹੈ।

CCB ਬਾਰੇ ਹੋਰ ਪਤਾ ਲਾਉਣ ਲਈ www.cra-arc.gc.ca ਜਾਂ https://findlink.at/cra-bnfts 'ਤੇ ਕਨੇਡਾ ਰੈਵਿਨਿਊ ਏਜੰਸੀ 'ਤੇ ਜਾਓ।

#### Universal Child Care Benefit (UCCB) - ਯੂਨੀਵਰਸਲ ਬਾਲ-ਸੰਭਾਲ ਲਾਭ

ਯੂਨੀਵਰਸਲ ਬਾਲ-ਸੰਭਾਲ ਲਾਭ (UCCB) ਛੇ ਸਾਲ ਤੋਂ ਘੱਟ ਉਮਰ ਦੇ ਹਰ ਬੱਚੇ ਲਈ ਫ਼ੈਡਰਲ ਸਰਕਾਰ ਤੋਂ ਮਿਲਣ ਵਾਲਾ ਮਹੀਨੇਵਾਰ ਭੁਗਤਾਨ ਹੈ। ਬਾਲ-ਸੰਭਾਲ ਦੀ ਲਾਗਤ ਵਿੱਚ ਮਦਦ ਕਰਨ ਲਈ ਪਰਿਵਾਰਾਂ ਨੂੰ ਇਹ ਲਾਭ ਦਿੱਤਾ ਜਾਂਦਾ ਹੈ। ਇਹ ਲਾਭ ਸਿਰਫ਼ ਬਾਲ-ਸੰਭਾਲ ਸੇਵਾਵਾਂ ਦੀ ਵਰਤੋਂ ਕਰਨ ਵਾਲਿਆਂ ਲਈ ਨਹੀਂ ਹੈ, ਬਲਕਿ ਸਾਰੇ ਪਰਿਵਾਰਾਂ ਲਈ ਹੈ।

UCCB ਬਾਰੇ ਹੋਰ ਪਤਾ ਲਾਉਣ ਲਈ www.servicecanada.gc.ca ਜਾਂ https://findlink.at/UChildCB 'ਤੇ ਸਰਵਿਸ ਕਨੇਡਾ 'ਤੇ ਜਾਓ।

### ਸਮਾਜਕ ਸਹਾਇਤਾ

#### Ontario Works (OW) - ਓਂਟਾਰੀਓ ਕੰਮ ਕਰਦਾ ਹੈ

ਓਂਟਾਰੀਓ ਕੰਮ ਕਰਦਾ ਹੈ (OW) ਪ੍ਰੋਗਰਾਮ, ਉਹਨਾਂ ਲੋਕਾਂ ਨੂੰ ਮਾਲੀ ਸਹਾਇਤਾ ਮੁਹੱਈਆ ਕਰਦਾ ਹੈ, ਜਿਹਨਾਂ ਨੂੰ ਆਰਜ਼ੀ ਤੌਰ 'ਤੇ ਪੈਸਿਆਂ ਦੀ ਲੋੜ ਹੈ। ਇਹ ਪ੍ਰੋਗਰਾਮ ਨੌਕਰੀ ਲੱਭਣ ਵਿੱਚ ਵੀ ਮਦਦ ਮੁਹੱਈਆ ਕਰਦਾ ਹੈ।



Funded by / Financé par

Immigration, Refugees and Citizenship Canada
Immigration, Réfugiés et Citoyenneté Canada
Ontario

OW ਬਾਰੇ ਹੋਰ ਪਤਾ ਲਾਉਣ ਲਈ www.ontario.ca ਜਾਂ https://findlink.at/SocialAssi 'ਤੇ ਬੱਚਿਆਂ, ਭਾਈਚਾਰੇ ਅਤੇ ਸਮਾਜਕ ਸੇਵਾਵਾਂ ਬਾਰੇ ਮਹਿਕਮੇ 'ਤੇ ਜਾਓ।

## Ontario Disability Support Program (ODSP) - ਓਂਟਾਰੀਓ ਅਸਮਰਥ (ਅਪਾਹਜ) ਬਾਰੇ ਸਹਾਇਤਾ ਪ੍ਰੋਗਰਾਮ

ਇਹ ਪ੍ਰੋਗਰਾਮ ਆਰਜ਼ੀ ਤੌਰ 'ਤੇ ਪੈਸਿਆਂ ਦੀ ਲੋੜ ਵਾਲੇ ਅਸਮਰਥ (ਅਪਾਹਜ) ਲੋਕਾਂ ਦੀ ਮਦਦ ਕਰਦਾ ਹੈ।
ODSP ਉਹਨਾਂ ਅਸਮਰਥ (ਅਪਾਹਜ) ਲੋਕਾਂ ਲਈ ਵੀ ਨੌਕਰੀ ਲੱਭਣ ਵਿੱਚ ਮਦਦ ਕਰਦਾ ਹੈ, ਜੋ ਕੰਮ ਕਰ ਸਕਦੇ ਹਨ।

ODSP ਬਾਰੇ ਹੋਰ ਪਤਾ ਲਾਉਣ ਲਈ www.ontario.ca ਜਾਂ https://findlink.at/Ont-DSP 'ਤੇ ਬੱਚਿਆਂ, ਭਾਈਚਾਰੇ ਅਤੇ ਸਮਾਜਕ ਸੇਵਾਵਾਂ ਬਾਰੇ ਮਹਿਕਮੇ 'ਤੇ ਜਾਓ।

*ਕੀ ਤੁਹਾਨੂੰ ਪਤਾ ਹੈ?
ਜਿਸ ਉਮਰ ਵਿੱਚ OAS ਸ਼ੁਰੂ ਹੁੰਦੀ ਹੈ, ਉਸ ਵਿੱਚ ਹੌਲ਼ੀ-ਹੌਲ਼ੀ ਤਬਦੀਲੀ ਹੋ ਰਹੀ ਹੈ। ਇਸ ਤਬਦੀਲੀ ਨਾਲ 1958 ਅਤੇ ਬਾਅਦ ਵਿੱਚ ਪੈਦਾ ਹੋਣ ਵਾਲੇ ਲੋਕਾਂ 'ਤੇ ਅਸਰ ਪਏਗਾ, ਕਿਉਂਕਿ ਯੋਗਤਾ ਦੀ ਉਮਰ ਵਧ ਜਾਏਗੀ।*

